ਮੀਟਿੰਗ ਕਾਰਵਾਈ ਬਾਬਤ: Review of implementation of Solid Waste Management Rules ਜੋ ਮਿਸ ਅਪਨੀਤ ਰਿਆਤ, ਆਈ.ਏ.ਐਸ.,ਡਿਪਟੀ ਕਮਿਸ਼ਨਰ ਮਾਨਸਾ ਜੀ ਵੱਲੋਂ ਮਿਤੀ 8.4.2019 ਨੂੰ ਸਵੇਰੇ 11.20 ਵਜੇ ਬੱਚਤ ਭਵਨ, ਮਾਨਸਾ ਵਿਖੇ ਕੀਤੀ ਗਈ

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ:

ਸਰਵ ਸ੍ਰੀ/ ਸ੍ਰੀਮਤੀ

ਰੋਹਤਾਸ਼ ਗਰਗ, ਕਾਰਜ਼ਕਾਰੀ ਇੰਜੀਨੀਅਰ, ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ

ਗੁਰਦਾਸ ਸਿੰਘ, ਕਾਰਜ਼ਸਾਧਕ ਅਫਸਰ, ਨਗਰ ਕੌਂਸਲ, ਮਾਨਸਾ

ਵਿਜੈ ਕੁਮਾਰ, ਕਾਰਜ਼ਸਾਧਕ ਅਫਸਰ, ਨਗਰ ਕੌਂਸਲ, ਬੁਢਲਾਡਾ/ ਬਰੇਟਾ

ਰਵੀ ਕੁਮਾਰ, ਕਾਰਜ਼ਸਾਧਕ ਅਫਸਰ, ਨਗਰ ਪੰਚਾਇਤ, ਭੀਖੀ/ ਜੋਗਾ/ ਬੋਹਾ

ਵਿਸ਼ਾਲਦੀਪ ,ਕਾਰਜ਼ਸਾਧਕ ਅਫਸਰ, ਨਗਰ ਪੰਚਾਇਤ, ਸਰਦੂਲਗੜ੍ਹ

ਮੀਟਿੰਗ ਦੇ ਸ਼ੁਰੂ ਵਿੱਚ ਹਾਜ਼ਰੀਨ ਅਧਿਕਾਰੀਆਂ ਨੂੰ ਜੀ ਆਇਆ ਆਖਿਆ ਗਿਆ। ਕਾਰਜ਼ਕਾਰੀ ਇੰਜੀਨੀਅਰ, ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ ਵੱਲੋਂ ਪ੍ਰਧਾਨਗੀ ਅਫਸਰ ਨੂੰ Solid Waste Management Rules ਸਬੰਧੀ ਬਰੀਫ ਕੀਤਾ ਗਿਆ, ਜਿਸ ਉਪਰੰਤ ਪ੍ਰਧਾਨਗੀ ਅਫਸਰ ਵੱਲੋਂ ਸ਼ਹਿਰ ਵਿਚੋਂ ਗੰਦਗੀ ਸਾਫ ਕਰਨ ਅਤੇ ਇਸ ਨੂੰ ਵਿਉਂਤਬੰਦ ਤਰੀਕੇ ਨਾਲ ਡਿਸਪੋਜ ਆਫ ਕਰਨ ਸਬੰਧੀ ਹਾਜ਼ਰੀਨ ਨੂੰ ਕੰਮ ਕਰਨ ਲਈ ਕਿਹਾ ਗਿਆ। Solid Waste Management Rules ਦੇ ਹੇਠ ਲਿਖੇ ਨੁਕਤਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ:

Door to door collection of solid waste.

ਨਗਰ ਕੌਂਸਲਾਂ/ ਨਗਰ ਪੰਚਾਇਤਾਂ ਵੱਲੋਂ ਸਾਰੇ ਵਾਰਡਾਂ ਵਿੱਚ ਡੋਰ ਟੂ ਡੋਰ ਕੂੜੇ ਦੀ ਕੁਲੈਕਸ਼ਨ ਦਾ ਕੰਮ ਨਹੀਂ ਕੀਤਾ ਜਾ ਰਿਹਾ ਹੈ, ਤਕਰੀਬਨ 40% ਵਾਰਡਾਂ ਨੂੰ ਹੀ ਅਜੇ ਤੱਕ ਕਵਰ ਕੀਤਾ ਗਿਆ ਹੈ। ਸਰਕਾਰ ਦੀ ਹਦਾਇਤ ਅਨੁਸਾਰ ਇਹ ਕੰਮ ਮਿਤੀ 8.4.2018 ਤੱਕ ਪੂਰਾ ਕੀਤਾ ਜਾਣਾ ਸੀ, ਜਿਸ ਨੂੰ ਹੁਣ ਵਧਾ ਕੇ ਮਿਤੀ 30.6.2019 ਤੱਕ ਮੁਕੰਮਲ ਕੀਤਾ ਜਾਣਾ ਹੈ।ਹਾਜ਼ਰੀਨ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਨਗਰ ਕੌਂਸਲਾਂ /ਨਗਰ ਪੰਚਾਇਤ ਪਾਸ ਮੌਜੂਦ ਨਵੀਆਂ/ ਪੁਰਾਣੀਆਂ ਰੇਹੜੀਆਂ ਨੂੰ ਵਰਤੋਂ ਵਿੱਚ ਲਿਆਉਂਦੇ ਹੋਏ ਡੋਰ ਟੂ ਡੋਰ ਕੁਲੈਕਸ਼ਨ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਇਸ ਨੂੰ ਸਰਕਾਰ ਵੱਲੋਂ ਦਿੱਤੇ ਟੀਚੇ ਦਰਮਿਆਨ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਅਗਾਮੀ ਮੀਟਿੰਗ ਵਿੱਚ ਦੱਸਿਆ ਜਾਵੇ ਕਿ ਕਿੰਨੇ ਪ੍ਰਤੀਸ਼ਤ ਏਰੀਆ ਨੂੰ ਇਸ ਮਹੀਨੇ ਦੌਰਾਨ ਡੋਰ ਟੂ ਡੋਰ ਕੁਲੈਕਸ਼ਨ ਲਈ ਹੋਰ ਕਵਰ ਕੀਤਾ ਗਿਆ ਹੈ?

Segregation of solid waste

ਸੈਗਰੀਗੇਸ਼ਨ ਦਾ ਕੰਮ 8.4.2016 ਤੋਂ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਜੋ ਮਿਤੀ 8.4.2018 ਤੱਕ ਪੂਰਾ ਕੀਤਾ ਜਾਣਾ ਸੀ, ਜਿਸ ਦੀ ਮਿਆਦ ਹੁਣ ਵਧਾ ਕੇ 30.6.2019 ਤੱਕ ਕੀਤੀ ਗਈ ਹੈ। ਆਦੇਸ਼ ਦਿੱਤਾ ਗਿਆ ਕਿ ਸੋਲਿਡ ਵੇਸਟ ਨੂੰ ਹਦਾਇਤਾਂ ਅਨੁਸਾਰ ਅਲੱਗ ਅਲੱਗ ਕੀਤਾ ਜਾਵੇ ਅਤੇ ਅਗਾਮੀ ਮੀਟਿੰਗ ਵਿੱਚ ਦੱਸਿਆ ਜਾਵੇ ਕਿ ਕਿੰਨੇ ਪ੍ਰਤੀਸ਼ਤ ਏਰੀਆ ਨੂੰ ਇਸ ਮਹੀਨੇ ਦੌਰਾਨ ਸੋਰਸ ਸੈਗਰੀਗੇਸ਼ਨ ਲਈ ਹੋਰ ਕਵਰ ਕੀਤਾ ਗਿਆ ਹੈ?

Identification of bulk waste generators.

ਨਗਰ ਕੌਂਸਲ ਬੁਢਲਾਡਾ ਵੱਲੋਂ 10 ਕਿਲੋ ਤੋਂ ਵੱਧ ਕੂੜਾ ਪੈਦਾ ਕਰਨ ਵਾਲੇ 30 ਬਲਕ ਵੇਸਟ ਜੈਨਰੇਟਰਜ਼ ਆਈਡੈਂਟੀਫਾਈ ਕੀਤੇ ਗਏ ਅਤੇ ਨਗਰ ਕੌਂਸਲ ਮਾਨਸਾ ਵੱਲੋਂ 13 ਆਈਡੈਂਟੀਫਾਈ ਕੀਤੇ ਗਏ ਹਨ। ਬਾਕੀ ਨਗਰ ਕੌਂਸਲਾਂ ਵੱਲੋਂ ਰਿਪੋਰਟ ਕੀਤੀ ਹੈ ਕਿ ਕੋਈ ਬਲਕ ਵੇਸਟ ਜੈਨਰੇਟਰ ਨਹੀਂ ਹੈ। ਹਦਾਇਤ ਕੀਤੀ ਗਈ ਅਗਾਮੀ ਮੀਟਿੰਗ ਵਿੱਚ ਦੱਸਿਆ ਜਾਵੇ ਕਿ ਕੀ ਇਹਨਾਂ ਬਲਕ ਬੇਸਟ ਜੈਨਰੇਟਰਜ਼ ਵੱਲੋਂ ਸੋਲਿਡ ਵੇਸਟ ਮੈਨੇਜ਼ਮੈਂਟ ਰੂਲਜ਼ ਦੀ ਪਾਲਣਾ ਕੀਤੀ ਜਾ ਰਹੀ ਹੈ ਜਾਂ ਨਹੀਂ? ਅਗਰ ਨਹੀਂ ਤਾਂ ਆਪ ਵੱਲੋਂ ਇਹਨਾਂ ਦੇ ਖਿਲਾਫ ਕੀ ਐਕਸ਼ਨ ਲਿਆ ਗਿਆ ਹੈ?

Daily (twice a day) removal of heaps of garbage/ Legacy waste.

ਨਗਰ ਕੌਂਸਲਾਂ ਵੱਲੋਂ ਰਿਪੋਰਟ ਕੀਤੀ ਹੈ ਕਿ ਉਹਨਾਂ ਵੱਲੋਂ ਰੋਜ਼ਾਨਾ ਸਫਾਈ ਕਰਵਾਈ ਜਾਂਦੀ ਹੈ ।ਹਦਾਇਤ ਕੀਤੀ ਗਈ ਕਿ ਰੋਜ਼ਾਨਾ ਸਫਾਈ ਦੋ ਵਾਰ ਕੀਤੀ ਜਾਵੇ। ਹਦਾਇਤ ਕੀਤੀ ਗਈ ਕਿ ਅਗਾਮੀ ਮੀਟਿੰਗ ਵਿੱਚ ਦੱਸਿਆ ਜਾਵੇ ਕਿ ਲੈਗਸੀ ਵੇਸਟ ਸਬੰਧੀ ਕਿੰਨੇ ਖਾਲੀ ਪਲਾਟ ਚੈੱਕ ਕੀਤੇ ਗਏ ਅਤੇ ਸ਼ਹਿਰ ਵਿਚ ਕਿੰਨੇ ਸਫਾਈ ਅਭਿਆਨ ਕੀਤੇ ਗਏ ਹਨ?

Scanned by CamScanner

Construction of MRF (Material Recovery Facility)

ਸਾਰੀਆਂ ਨਗਰ ਕੌਂਸਲਾਂ ਵੱਲੋਂ ਇਸ ਸਬੰਧੀ ਕਾਰਵਾਈ ਮਿਤੀ 31.12.2019 ਤੱਕ ਪੂਰੀ ਕੀਤੀ ਜਾਣੀ ਹੈ।ਮਾਨਸਾ ਜਿਲ੍ਹੇ ਦੀਆਂ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਵੱਲੋਂ ਰਿਪੋਰਟ ਕੀਤੀ ਹੈ ਕਿ ਇਸ ਸਬੰਧੀ ਕੰਮ ਪ੍ਰਗਤੀ ਅਧੀਨ ਹੈ।ਨਗਰ ਕੌਂਸਲ ਮਾਨਸਾ ਵੱਲੋਂ 10 ਥਾਵਾਂ ਦੇਖੀਆਂ ਗਈਆਂ ਹਨ, ਜਿੰਨਾਂ ਵਿਚੋਂ 4 ਦਾ ਟੈਂਡਰ ਹੋ ਚੁਕਿੱਆ ਹੈ, 3 ਜਗ੍ਹਾ ਤੇ ਕੰਮ ਚੱਲ ਰਿਹਾ ਹੈ ਅਤੇ ਇੱਕ ਸ਼ੈਡ ਦੀ ਉਸਾਰੀ ਕੀਤੀ ਗਈ ਹੈ। ਹਾਜ਼ਰੀਨ ਨੂੰ ਹਦਾਇਤ ਕੀਤੀ ਗਈ ਕਿ ਐਮ.ਆਰ. ਸ਼ੈਡਜ਼ ਨੂੰ ਪਹਿਲ ਦੇ ਆਧਾਰ ਤੇ ਬਣਾਇਆ ਜਾਵੇ।

Leving of on the spot fines /Challans against littering.( Collected amount be specified)

ਨਗਰ ਕੌਂਸਲਾਂ/ ਨਗਰ ਪੰਚਾਇਤਾਂ ਨੂੰ ਹਦਾਇਤ ਕੀਤੀ ਗਈ ਕਿ ਉਹਨਾਂ ਵੱਲੋਂ ਇਸ ਸਬੰਧੀ ਜੁਰਮਾਨੇ/ ਚਲਾਨ ਕੱਟੇ ਜਾਣ।

Green waste of parks/gardens

ਜਿਆਦਾਤਰ ਨਗਰ ਕੌਂਸਲਾਂ/ਨਗਰ ਪੰਚਾਇਤਾਂ ਵੱਲੋਂ ਲਿਖਿਆ ਹੈ ਕਿ ਉਹਨਾਂ ਦੇ ਸ਼ਹਿਰੀ ਖੇਤਰ ਵਿੱਚ ਕੋਈ ਪਾਰਕ/ ਗਾਰਡਨ ਨਹੀਂ ਹੈ। ਨਗਰ ਕੌਂਸਲ ਮਾਨਸਾ ਵੱਲੋਂ ਲਿਖਿਆ ਹੈ ਕਿ ਪਾਰਕਾਂ ਵਿੱਚ ਪਿੱਟਸ ਬਣਾ ਕੇ ਗਰੀਨ ਵੇਸਟ ਦੀ ਕੰਪੋਸਟ ਤਿਆਰ ਕੀਤੀ ਜਾਵੇਗੀ। ਮਾਨਸਾ ਸ਼ਹਿਰ ਵਿੱਚ ਬਣੇ ਐਮ.ਸੀ. ਪਾਰਕ ਵਿੱਚ ਦੋ ਪਿੱਟਸ ਬਣਾਈਆਂ ਜਾ ਚੁੱਕੀਆਂ ਹਨ।

Construction and Demolition Waste

ਕੰਨਸਟ੍ਰਕਸ਼ਨ ਅਤੇ ਡੀਮੋਲੀਸ਼ਨ ਵੇਸਟ ਦੀ ਵੱਖਰੇ ਤੌਰ ਤੇ ਕੁਲੈਕਸ਼ਨ, ਸਟੋਰੇਜ਼ ਅਤੇ ਟਰਾਂਸਪੋਰਟੇਸ਼ਨ ਦਾ ਕੰਮ ਹਦਾਇਤਾਂ ਅਨੁਸਾਰ ਮਿਤੀ 31.12.2021 ਤੱਕ ਪੂਰਾ ਕੀਤਾ ਜਾਣਾ ਹੈ।ਜਿਲ੍ਹਾ ਮਾਨਸਾ ਦੀਆਂ ਨਗਰ ਕੌਂਸਲਾਂ/ ਨਗਰ ਪੰਚਾਇਤਾਂ (ਸਿਵਾਏ ਸਰਦੂਲਗੜ੍ਹ) ਵੱਲੋਂ ਇਸ ਸਬੰਧੀ ਮਤੇ ਪਾਸ ਕਰਕੇ ਵੱਖ ਵੱਖ ਥਾਵਾਂ ਸਿਲੈਕਟ ਕੀਤੀਆਂ ਜਾ ਚੁੱਕੀਆਂ ਹਨ ਅਤੇ ਕੁੱਝ ਕੁ ਨਗਰ ਕੌਂਸਲਾਂ ਵੱਲੋਂ ਅਖਬਾਰਾਂ ਵਿੱਚ ਇਸ਼ਤਿਹਾਰ ਅਤੇ ਜੁਰਮਾਨੇ ਵੀ ਤੈਅ ਕੀਤੇ ਗਏ ਹਨ। ਨਗਰ ਪੰਚਾਇਤ, ਸਰਦੂਲਗੜ੍ਹ ਨੂੰ ਹਦਾਇਤ ਕੀਤੀ ਗਈ ਕਿ ਉਹਨਾਂ ਵੱਲੋਂ ਜਲਦ ਇਸ ਸਬੰਧੀ ਮਤਾ ਪਾਸ ਕੀਤਾ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

Notification of ban on plastic and its enforcement

ਸਾਰੀਆਂ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਵੱਲੋਂ ਪਲਾਸਟਿਕ ਵੇਸਟ ਰੂਲਜ਼ ਨੂੰ ਲਾਗੂ ਕਰਨ/ ਜੁਰਮਾਨਾ/ ਪਲਾਸਟਿਕ ਨੂੰ ਅੱਗ ਲੱਗਣ ਤੋਂ ਰੋਕਣ/ ਪਲਾਸਟਿਕ ਵੇਸਟ ਨੂੰ ਵੱਖ ਵੱਖ ਥਾਵਾਂ ਤੇ ਸੁੱਟਣ ਤੋਂ ਰੋਕਣ ਸਬੰਧੀ ਕਾਰਵਾਈ ਮਿਤੀ 1.3.2019 ਤੋਂ 30.9.2019 ਤੱਕ ਪੂਰੀ ਕੀਤੀ ਜਾਣੀ ਹੈ।ਮਾਨਸਾ ਜਿਲ੍ਹੇ ਵਿੱਚ ਨਗਰ ਕੌਂਸਲ, ਮਾਨਸਾ/ਬੁਢਲਾਡਾ/ਬਰੇਟਾ/ ਜੋਗਾ / ਬੋਹਾ ਵੱਲੋਂ ਪਲਾਸਟਿਕ ਵੇਸਟ ਸਬੰਧੀ ਮਤੇ ਲਾਗੂ ਕੀਤੇ ਜਾ ਚੁੱਕੇ ਹਨ। ਨਗਰ ਕੌਂਸਲ, ਭੀਖੀ/ਸਰਦੂਲਗੜ੍ਹ ਵੱਲੋਂ ਅਜੇ ਮਤੇ ਪਾਸ ਨਹੀਂ ਕੀਤੇ ਗਏ। ਹਦਾਇਤ ਕੀਤੀ ਗਈ ਕਿ ਨਗਰ ਪੰਚਾਇਤ ਭੀਖੀ ਅਤੇ ਸਰਦੂਲਗੜ੍ਹ ਵੱਲੋਂ ਇਸ ਸਬੰਧੀ ਜਲਦ ਮਤੇ ਪਾਸ ਕੀਤੇ ਜਾਣ ਅਤੇ ਆਉਣ ਵਾਲੀ ਮੀਟਿੰਗਿ ਵਿੱਚ ਸਮੁੱਚੀਆਂ ਨਗਰ ਕੌਂਸਲਾਂ/ ਨਗਰ ਪੰਚਾਇਤ ਵੱਲੋਂ ਰਿਪੋਰਟ ਕੀਤੀ ਜਾਵੇ ਕਿ ਕੀ ਉਹਨਾਂ ਵੱਲੋਂ ਇਸ ਸਬੰਧੀ ਨੋਟੀਫਿਕੇਸ਼ਨ ਕੀਤਾ ਜਾ ਚੁੱਕਾ ਹੈ? ਕਿੰਨੇ ਚਲਾਨ ਕੱਟੇ ਗਏ ਹਨ ? ਜੁਰਮਾਨਿਆਂ ਦੀ ਕਿੰਨੀ ਰਾਸ਼ੀ ਇਕੱਠੀ ਹੋਈ ਹੈ?

Disposal of electronic waste

ਨਗਰ ਕੌਂਸਲ, ਮਾਨਸਾ ਵੱਲੋਂ ਐਮ.ਆਰ.ਐਫ. ਸ਼ੈਡ ਵਿੱਚ ਈ ਵੇਸਟ ਸੈਗਰੀਗੇਟ ਕਰਕੇ ਰੱਖਿਆ ਜਾਵੇਗਾ। ਬਾਕੀ ਨਗਰ ਕੌਂਸਲਾਂ/ ਨਗਰ ਪੰਚਾਇਤਾਂ ਵੱਲੋਂ ਲਿਖਿਆ ਗਿਆ ਹੈ ਕਿ ਕਾਫੀ ਇਲੈਕਟਰੋਨਿਕ ਵੇਸਟ ਰੈਗਪਿੱਕਰ ਵੱਲੋਂ ਚੁਕਿੱਆ ਜਾਂਦਾ ਹੈ ਅਤੇ ਮਕਾਨ ਮਾਲਕਾਂ ਵੱਲੋਂ ਕਬਾੜੀਆਂ ਨੂੰ ਵੇਚ ਦਿੱਤਾ ਜਾਂਦਾ ਹੈ।ਕਿਸੇ ਵੀ ਨਗਰ ਕੌਂਸਲ/ ਨਗਰ ਪੰਚਾਇਤ ਵੱਲੋਂ ਇਸ ਸਬੰਧੀ ਕੋਈ ਮਤਾ ਅਜੇ ਪਾਸ ਨਹੀਂ ਕੀਤਾ ਗਿਆ ਹੈ।ਹਦਾਇਤ ਕੀਤੀ ਗਈ ਕਿ ਈ-ਇਲੈਕਟ੍ਰੋਨਿਕ ਵੇਸਟ ਦੀਆਂ ਹਦਾਇਤਾਂ ਅਨੁਸਾਰ ਇਸ ਨੂੰ ਵੱਖਰੇ ਤੌਰ ਤੇ ਸੈਗਰੀਗੇਟ ਕੀਤਾ ਜਾਵੇ।

ਅੰਤ ਵਿੱਚ ਮੀਟਿੰਗ ਧੰਨਵਾਦ ਸਹਿਤ ਸਮਾਪਤ ਕੀਤੀ ਗਈ।

ਡਿਪਟੀ ਕਮਿਸ਼ਨਰ

Scanned by CamScanner

ਡਾਇਰੀ ਨੰ:....... 883
ਮਿਤੀ...... 15/4/19

ਦਫ਼ਤਰ
ਡ.ਡ.ਜ.ਸ., ਬਠਿੰਡਾ।

ਅੰ:ਨੰ: 477-85 /ਨਪਸ ਮਿਤੀ 9/4 / 2019.

ਉਪਰੋਕਤ ਦਾ ਉਤਾਰਾ: 1) ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਜੀ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ। 2. ਕਾਰਜ਼ਕਾਰੀ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਬਠਿੰਡਾ 2 ਕਾਰਜ਼ਸਾਧਕ ਅਫਸਰ, ਨਗਰ ਕੌਂਸਲ/ ਨਗਰ ਪੰਚਾਇਤ, ਮਾਨਸਾ/ ਭੀਖੀ/ ਜੋਗਾ/ ਬੁਢਲਾਡਾ/ ਬਰੇਟਾ/ ਬੋਹਾ/ ਸਰਦੂਲਗੜ੍ਹ ਪਾਸ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਜੇ.ਡੀ.ਡੀ.

ਡਿਪਟੀ ਕਮਿਸ਼ਨਰ
ਮਾਨਸਾ

Scanned by CamScanner